9th July, 2000

# ਰਾਜਸੀ ਸਵਾਲ ਪੁੱਛਣ ਦੀ ਜਾਚ ਅਤੇ ਮਹੱਤਤਾ

**ਵਿਚਾਰ-ਚਰਚਾ**

**ਗੁਰਸ਼ਰਨ ਸਿੰਘ**



ਹਿੰਦੋਸਤਾਨ ਦੀ ਸਿਆਸਤ ਵਿਚ ਕੋਈ ਨਾ ਕੋਈ ਮੁੱਦਾ ਐਸਾ ਉੱਠਿਆ ਹੀ ਰਹਿੰਦਾ ਹੈ, ਜਿਸਦਾ ਆਮ ਬੰਦੇ ਦੀ ਜ਼ਿੰਦਗੀ ਨਾਲ ਤਾਂ ਕੋਈ ਸਬੰਧ ਨਹੀਂ ਹੁੰਦਾ, ਪਰ ਅਖ਼ਬਾਰਾਂ ਵਿਚ ਉਹਦੀ ਮਹੱਤਤਾ ਏਨੀ ਬਣਾ ਦਿੱਤੀ ਜਾਂਦੀ ਹੈ ਕਿ ਜ਼ਿੰਦਗੀ ਦੇ ਅਸਲੀ ਮਸਲੇ ਪਿਛੇ ਹੀ ਸੁੱਟੇ ਜਾਂਦੇ ਹਨ। ਫ਼ਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਨੇ ਜੰਮੂ ਕਸ਼ਮੀਰ ਦੀ ਅਸੈਂਬਲੀ ਵਿਚ ਇਹ ਮੁੱਦਾ ਉੱਠਾ ਦਿੱਤਾ ਕਿ ਜੰਮੂ ਕਸ਼ਮੀਰ ਨੂੰ ਖ਼ੁਦਮੁਖ਼ਤਿਆਰੀ ਮਿਲਣੀ ਚਾਹੀਦੀ ਹੈ ਅਤੇ ਉਹਦਾ1953 ਤੋਂ ਪਹਿਲੇ ਵਾਲਾ ਦਰਜਾ ਬਹਾਲ ਕੀਤਾ ਜਾਣਾ ਚਾਹੀਦਾ ਹੈ। ਅਸੈਂਬਲੀ ਵਿਚ ਇਹ ਮਤਾ ਪਾਸ ਵੀ ਕਰ ਦਿੱਤਾ, ਭਾਵੇਂ ਭਾਜਪਾ ਅਤੇ ਕਾਂਗਰਸ ਨੇ ਅਸੈਂਬਲੀ ਤੋਂ ਵਾਕ ਆਊਟ ਵੀ ਕੀਤਾ। ਸਵਾਲ ਪੁੱਛਿਆ ਜਾ ਸਕਦਾ ਹੈ ਕਿ ਕੀ ਖ਼ੁਦਮੁਖ਼ਤਿਆਰੀ ਨਾਲ ਜੰਮੂ-ਕਸ਼ਮੀਰ ਦੇ ਸਾਧਾਰਨ (ਗ਼ਰੀਬ) ਲੋਕਾਂ ਦਾ ਇਕ ਵੀ ਮਸਲਾ ਹੱਲ ਹੋ ਰਿਹਾ ਹੈ? ਜਵਾਬ ਸਾਫ਼ ਹੈ ਕਿ ਨਹੀਂ। ਅਸੀਂ ਜੇਕਰ ਇਸ ਤਰ੍ਹਾਂ ਸਵਾਲ ਨੂੰ ਸੰਬੋਧਨ ਹੋਈਏ ਤਾਂ ਹੀ ਸੋਚਿਆ ਜਾ ਸਕਦਾ ਹੈ ਕਿ ਕੀ ਕਰਨਾ ਜ਼ਰੂਰੀ ਹੈ।

ਜੰਮੂ-ਕਸ਼ਮੀਰ ਦੇ ਲੋਕ (ਮੁਸਲਮਾਨ, ਹਿੰਦੂ, ਸਿੱਖ) ਪਿਛਲੇ 52 ਸਾਲ ਤੋਂ ਇਕ ਸੰਤਾਪ ਭੋਗ ਰਹੇ ਹਨ। ਉਹਦਾ ਕੋਈ ਹੱਲ ਫ਼ਾਰੂਕ ਅਬਦੁੱਲਾ ਕੋਲ ਨਹੀਂ। ਕਾਂਗਰਸ ਜਾਂ ਭਾਜਪਾ ਕੋਲ ਵੀ ਨਹੀਂ। ਇਸ ਸੰਤਾਪ ਦਾ ਹੱਲ ਕੋਈ ਬੁਨਿਆਦੀ ਤਬਦੀਲੀਆਂ ਕਰਕੇ ਹੀ ਹੋ ਸਕਦਾ ਹੈ। ਕਸ਼ਮੀਰ ਦੀ ਕੁਦਰਤੀ ਦੌਲਤ ਨੂੰ ਸਹੀ ਤਰੀਕੇ ਨਾਲ ਵਰਤਿਆਂ ਹੀ ਹੋ ਸਕਦਾ ਹੈ। ਉਹਦੇ ਲਈ ਇਕ ਬਲਿਊ 'ਪ੍ਰਿੰਟ'/ਨਕਸ਼ਾ ਬਣਾਉਣਾ ਜ਼ਰੂਰੀ ਹੈ। ਕੋਈ ਵੀ ਉਸਾਰੀ ਕਰਨੀ ਹੋਵੇ ਤਾਂ ਪਹਿਲਾ ਨਕਸ਼ਾ ਬਣਾਉਣਾ ਜ਼ਰੂਰੀ ਹੈ। ਕਸ਼ਮੀਰ ਦੇ ਲੋਕਾਂ ਦੀ ਗ਼ਰੀਬੀ ਕਿਸ਼ ਤਰ੍ਹਾਂ ਦੂਰ ਕਰਨੀ ਹੈ, ਉਹਦੇ ਬਾਰੇ ਤਾਂ ਕੋਈ ਤਜਵੀਜ਼ ਪੜ੍ਹਨ ਜਾਂ ਸੁਣਨ ਨੂੰ ਨਹੀਂ ਮਿਲਦੀ। ਟਿੱਪਣੀਆਂ ਕਰਨ ਵਾਲਿਆਂ ਨੇ ਵੀ ਦੇਸ਼ ਦੀ ਅਖੰਡਤਾ ਨੂੰ ਹੀ ਮੁੱਦਾ ਬਣਾ ਕੇ ਮਤਾ ਰੱਦ ਕਰ ਦਿੱਤਾ ਹੈ। ਕਸ਼ਮੀਰ ਦੇ ਲੋਕਾਂ ਦੀ ਬੇਹਤਰੀ ਦੀ ਗੱਲ ਕਿਸੇ ਨੇ ਨਹੀਂ ਕੀਤੀ। ਉਹਦਾ ਫ਼ਿਕਰ ਕਿਸ ਨੂੰ ਹੈ?

ਪੰਜਾਬ ਵਿਚ ਟੌਹੜਾ ਅਤੇ ਬਾਦਲ ਹੋਰਾਂ ਨੇ ਫੈਡਰਲ ਢਾਂਚੇ ਦੇ ਸੰਦਰਭ ਵਿਚ ਹੀ ਗੱਲ ਕਰਦਿਆ ਨੈਸ਼ਨਲ ਕਾਨਫਰੰਸ ਦੇ ਮਤੇ ਉੱਤੇ ਟਿੱਪਣੀ ਕੀਤੀ ਹੈ। ਉਂਝ ਇਹਨਾਂ ਭਲੇ ਲੋਕਾਂ ਕੋਲੋਂ ਕੋਈ ਪੁੱਛੇ ਕਿ ਕੀ ਪੰਜਾਬ ਦੇ ਜਿਹੜੇ ਆਰਥਕ ਮਸਲੇ ਹਨ, ਕਿਸੇ ਪਿੰਡ ਵਿਚੋਂ ਸ਼ਾਮ ਨੂੰ ਲੰਘ ਜਾਓ (ਮੈਨੂੰ ਨਾਟਕਾਂ ਲਈ ਇਹ ਸਫ਼ਰ ਕਰਨਾ ਪੈਂਦਾ ਹੈ) ਢਾਣੀਆਂ ਦੀਆਂ ਢਾਣੀਆਂ ਨੌਜਵਾਨਾਂ ਦੀਆਂ ਕੰਧਾਂ ਨਾਲ ਲਗਕੇ ਬੈਠੀਆਂ ਦਿਸਦੀਆਂ ਹਨ। ਬਿਲਕੁਲ ਉਹਨਾਂ ਲਈ ਕੋਈ ਭਵਿੱਖ ਨਹੀਂ। ਉਹ ਨਸ਼ਿਆਂ ਦੇ ਆਦੀ ਹੁੰਦੇ ਜਾ ਰਹੇ ਹਨ। ਇਹਨਾਂ ਬਾਰੇ ਫ਼ਿਕਰ ਅਖ਼ਬਾਰਾਂ ਵਿਚ ਆਉਂਦਾ ਹੈ, ਪਰ ਨਾਲ ਹੀ ਇਹ ਟਿੱਪਣੀ ਵੀ ਕਰ ਦਿੱਤੀ ਜਾਂਦੀ ਹੈ ਕਿ ਇਹ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਦੀ ਸਾਜ਼ਿਸ਼ ਹੈ ਕਿ ਪੰਜਾਬ ਦੇ ਲੋਕ ਨਸ਼ਿਆਂ ਦੇ ਆਦੀ ਹੋ ਜਾਣ। ਆਪਣੀ ਨਾਲਾਇਕੀ ਛੁਪਾਉਣ ਦਾ ਇਹ ਇਕ ਢੰਗ ਹੈ। ਨੌਜਵਾਨ ਨਸ਼ਿਆਂ ਵੱਲ ਖਿੱਚੇ ਜਾ ਰਹੇ ਹਨ, ਕਿਉਂਕਿ ਉਹਨਾਂ ਕੋਲ ਕੋਈ ਭਵਿੱਖ ਨਹੀਂ। ਫੈਡਰਲ ਢਾਂਚਾ ਦਾ ਨਾਹਰਾ ਮਸਲੇ ਨੂੰ ਟਾਲਣ ਦਾ ਇਕ ਉਪਰਾਲਾ ਹੈ।

ਨਿਕੰਮਾ ਜਿਹਾ ਸਾਰਾ ਵਰਤਾਰਾ ਚਲ ਰਿਹਾ ਹੈ। ਉਹਦੇ ਬਾਰੇ ਖ਼ਬਰਾਂ ਵੀ ਆਉਂਦੀਆਂ ਹਨ। ਕਾਲੇ ਕੱਛੇ ਵਾਲਿਆਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਮੰਤਰੀ ਅਤੇ ਮਹਿਕਮੇ ਦੇ ਸਕੱਤਰ ਦੀ ਆਪਸੀ ਖਹਿਬਾਜ਼ੀ ਦੀ ਵੱਡੀ ਖ਼ਬਰ ਆਉਂਦੀ ਹੈ। ਮੰਤਰੀ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਕੁਝ ਅਫ਼ਸਰਾਂ ਦੀ ਮੁਅੱਤਲੀ ਜ਼ਰੂਰੀ ਹੈ। ਕੋਈ ਪੁੱਛੇ ਜੇ 4 ਅਫ਼ਸਰ ਮੁਅੱਤਲ ਹੋ ਜਾਣਗੇ ਤਾਂ ਭ੍ਰਿਸ਼ਟਾਚਾਰ ਖ਼ਤਮ ਹੋ ਜਾਏਗਾ? ਕੀ ਇਹਦੇ ਨਾਲ ਕੋਈ ਵੀ ਬੁਨਿਆਦੀ ਮਸਲਾ ਹੱਲ ਕਰਨ ਦਾ ਨਿਸ਼ਾਨਾ ਹੈ? ਬਾਦਲ ਸਾਹਿਬ ਕਹਿ ਦੇਣਗੇ ਕਿ ਕੁਝ ਦਿਨਾਂ ਤੱਕ ਇਹ ਮਸਲਾ ਹੱਲ ਕਰ ਲਿਆ ਜਾਏਗਾ। ਯਾਨੀ ਦੋਨਾਂ ਧਿਰਾਂ ਨੂੰ ਸਮਝਾ ਦਿੱਤਾ ਜਾਏਗਾ ਕਿ ਦੋਨਾਂ ਦਾ ਤੋਰੀ ਫੁਲਕਾ ਕਾਇਮ ਰਹਿਣਾ ਚਾਹੀਦਾ ਹੈ। ਅਖ਼ਬਾਰ ਵਿਚ ਇਕ ਕਾਲਮ ਹੁੰਦਾ ਹੈ 'ਪਾਠਕਾਂ ਦੀਆਂ ਚਿੱਠੀਆਂ'। ਉਹਦੇ ਵਿਚ ਸਵਾਲ 'ਤੇ ਸਵਾਲ ਪੁੱਛੇ ਜਾਣੇ ਜ਼ਰੂਰੀ ਹਨ ਕਿ ਬੁਨਿਆਦੀ ਮਸਲੇ ਹੱਲ ਕਰਨ ਲਈ ਸਰਕਾਰ ਕੋਲ ਕੀ 'ਪਲਾਨ' ਹੈ?

ਰਾਜਸੀ ਚੇਤਨਾ ਦੇ ਵਿਕਾਸ ਲਈ ਇਹ ਸਵਾਲ ਪੁੱਛਣ ਦੀ ਜਾਚ ਆਉਣੀ ਚਾਹੀਦੀ ਹੈ? ਪ੍ਰੋ. ਰਣਧੀਰ ਸਿੰਘ ਹੋਰੀ ਅਕਸਰ ਆਪਣੇ ਲੈਕਚਰਾਂ ਵਿਚ ਇਹ ਗੱਲ ਕਰਦੇ ਹਨ। ਉਹ ਆਪਣੀ ਜਮਾਤ ਵਿਚ ਪੜ੍ਹਾ ਰਹੇ ਸਨ ਤਾਂ ਉਹਨਾਂ ਨੇ ਇਕ ਵਿਦਿਆਰਥੀ ਕੋਲੋਂ ਸਾਦਾ ਜਿਹਾ ਸਵਾਲ ਪੁੱਛਿਆ, "ਹਿੰਦੂਸਤਾਨ ਵਿਚ ਰਾਜ ਕਿਸਦਾ ਹੈ?" ਜਵਾਬ ਮਿਲਿਆ, "ਲੋਕਾਂ ਦਾ, ਕਿਉਂਕਿ ਉਹੀ ਸਰਕਾਰ ਚੁਣਦੇ ਹਨ।" ਅਗਲਾ ਸਵਾਲ ਸੀ, "ਦੇਸ਼ ਵਿਚ ਭੁੱਖੇ ਕੌਣ ਮਰਦੇ ਹਨ?" ਜਵਾਬ ਫੇਰ ਸਾਫ਼ ਸੀ, "ਲੋਕ ਭੁੱਖੇ ਮਰਦੇ ਹਨ।" ਪ੍ਰੋ. ਸਾਹਿਬ ਦੀ ਟਿੱਪਣੀ ਸੀ, "ਰਾਜ ਵੀ ਲੋਕਾਂ ਦਾ ਹੈ ਤੇ ਭੁੱਖੇ ਵੀ ਲੋਕ ਹੀ ਮਰਦੇ ਹਨ।" ਇਹ ਟਿੱਪਣੀ ਇਹ ਸਮਝਾਉਣ ਲਈ ਕਾਫ਼ੀ ਸੀ ਕਿ ਜਿਹੜਾ ਰਾਜ ਚੱਲ ਰਿਹਾ ਹੈ, ਉਹ ਲੋਕਾਂ ਦਾ ਨਹੀਂ, ਪੈਸੇ ਵਾਲਿਆਂ ਦਾ ਹੈ।

ਰਾਜਸੀ ਚੇਤਨਾ ਲਈ ਲੋਕਾਂ ਨੂੰ ਸਵਾਲ ਕਰਨ ਦੀ ਜਾਚ ਆਉਣੀ ਚਾਹੀਦੀ ਹੈ। ਇਸ ਦੇਸ਼ ਦੇ ਵਰਤਾਰੇ ਨੂੰ ਬਦਲਣ ਲਈ ਲੋਕਾਂ ਦੀ ਲਾਮਬੰਦੀ ਜ਼ਰੂਰੀ ਹੈ। ਇਹ ਲਾਮਬੰਦੀ ਤਾਂ ਹੀ ਸੰਭਵ ਹੈ ਜੇ ਲੋਕਾਂ ਨੂੰ ਸਵਾਲ ਪੁੱਛਣ ਦੀ ਜਾਚ ਆਵੇ। ਉਹ ਉਹਨਾਂ ਮੁੱਦਿਆਂ ਨੂੰ ਰੱਦ ਕਰਨ ਜੋ ਉਹਨਾਂ ਦੀ ਜ਼ਿੰਦਗੀ ਨਾਲ ਸਿੱਧਾ ਤੁਅੱਲਕ ਨਹੀਂ ਰੱਖਦੇ, ਸਗੋਂ ਉਹਨਾਂ ਨੂੰ ਭੰਬਲਭੂਸਿਆਂ ਵਿਚ ਪਾਉਂਦੇ ਹਨ ਜਾਂ ਉਹਨਾਂ ਦਾ ਧਿਆਨ ਲਾਂਭੇ ਲਿਜਾਂਦੇ ਹਨ। ਸਹੀ ਸਵਾਲ ਪੁੱਛਣ ਦੀ ਜਾਚ ਰਾਜਸੀ ਚੇਤਨਾ ਦਾ ਜ਼ਰੂਰੀ ਅੰਗ ਹੈ।